**PUNJAB STATE TRANSMISSION CORPORATION LTD.**
***(Regd. Office: PSEB Head Office, The Mall, Patiala-147001)***
**CIN: U40109PB2010SGC033814**
**Office of the CFO, EAD Section, Shakti Sadan, Patiala.**
**website: www.pstcl.org Email Id: ao-nps@pstcl.org**

---

ਵੱਲ

ਸਮੂਹ ਪ੍ਰਮੁੱਖ ਇੰਜ:/ਮੁੱਖ ਇੰਜ:/ਵਿਭਾਗਾ ਦੇਮੁੱਖੀ/ਨਿਗਰਾਨ ਇੰਜ:/,
ਵਧੀਕ ਨਿਗਰਾਨ ਇੰਜ:/ਸੀਨੀਅਰ ਕਾਰਜਕਾਰੀ ਇੰਜ:/ਡੀ.ਡੀਓਜ਼,
ਅਧੀਨ ਪੀ ਐਸ ਟੀ ਸੀ ਐਲ,ਪਟਿਆਲਾ।
ਮੀਮੋ ਨੰ: 14/137 ਮਿਤੀ: 14-01-2019

ਵਿਸ਼ਾ: ਰਿਟਾਇਰੀ ਕਰਮਚਾਰੀਆਂ ਨੂੰ ਨਿਯਮਾਂ ਅਨੁਸਾਰ ਸਮੇਂ ਸਿਰ ਪੈਨਸ਼ਨਰੀ ਲਾਭ ਦੇਣ ਬਾਰੇ।

ਹਵਾਲਾ: ਇਸ ਦਫਤਰ ਦਾ ਪੱਤਰ ਨੰ: 135/258 ਮਿਤੀ 6.3.18 ਅਤੇ 456/579 ਮਿਤੀ 1.6.18 ਜ਼ੋ ਕਿ ਪੀ ਐਸ ਟੀ ਸੀ ਐਲ ਦੀ CFO ਸਾਈਟ ਤੇ ਅਪਲੋਡ ਹਨ ਦੀ ਲਗਾਤਾਰਤਾ ਵਿੱਚ।

ਲੀਗਲ ਭਾਗ ਪੀ ਐਸ ਟੀ ਸੀ ਐਲ ਪਟਿਆਲਾ ਦੇ ਮੀਮੋ ਨੰ: 1974/79 ਮਿਤੀ 27.12.18 ਜ਼ੋ ਕਿ ਲੀਗਲ ਸ਼ਾਖਾ ਪੀ ਐਸ ਟੀ ਸੀ ਐਲ ਦੀ ਸਾਈਟ ਤੇ ਅਪਲੋਡ ਹੈ,ਅਨੁਸਾਰ ਜਿਸ ਤਰਾਂ ਕਿ ਸੀ ਐਮ ਡੀ ਸਾਹਿਬ ਨੇ ਚਾਹਿਆ ਹੈ, ਰਿਟਾਇਰੀ ਅਧਿਕਾਰੀ/ਕਰਮਚਾਰੀਆਂ ਨੂੰ ਪੈਨਸ਼ਨਰੀ ਲਾਭ ਨਿਯਮਾਂ ਅਨੁਸਾਰ ਸਮੇਂ ਸਿਰ ਜਾਰੀ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ।

ਇਸ ਸਬੰਧ ਵਿੱਚ ਆਪ ਜੀ ਦੇ ਅਧੀਨ ਦਫਤਰਾਂ ਵਲੋ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਨੂੰ ਇਸ ਦਫਤਰ ਵਲੋ ਜਾਰੀ ਹਦਾਇਤਾਂ ਅਨੁਸਾਰ ਹਰ ਪੱਖੋ ਮੁਕੰਮਲ ਕਰਕੇ ਰਿਟਾਇਰਮੈਂਟ ਮਿਤੀ ਤੋ ਦੋ ਮਹੀਨੇ ਪਹਿਲਾਂ ਲੇਖਾ ਅਫਸਰ/ਈ ਏ ਡੀ ਤੋ ਪ੍ਰੀਆਡਿਟ ਕਰਵਾਉਣਾ ਜਰੂਰੀ ਹੈ,ਪਰੰਤੂ ਇਹ ਦੇਖਣ ਵਿੱਚ ਆਇਆ ਹੈ ਕਿ ਸਬੰਧਤ ਦਫਤਰ ਸਮੇਂ ਸਿਰ ਸੇਵਾ ਪੱਤਰੀਆਂ ਨਹੀ ਭੇਜਦੇ ਅਤੇ ਜੇਕਰ ਭੇਜਦੇ ਹਨ ਤਾਂ ਅਧੂਰੀਆਂ ਭੇਜਦੇ ਹਨ।ਜਿਸ ਕਰਕੇ ਸੇਵਾ ਪੱਤਰੀਆਂ ਤੇ ਇਤਰਾਜ ਲੱਗਦੇ ਹਨ।ਇਸ ਲਈ ਆਪਣੇ ਅਧੀਨ ਦਫਤਰਾਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਹਦਾਇਤਾਂ ਅਨੁਸਾਰ ਪਹਿਲਾਂ ਹੀ ਸੇਵਾ ਪੱਤਰੀਆਂ ਸਹੀ ਤਰੀਕੇ ਨਾਲ ਮੁਕੰਮਲ ਕਰਕੇ ਆਡਿਟ ਲਈ ਭੇਜੀਆ ਜਾਣ ਜੀ।

ਇਸ ਤੋ ਇਲਾਵਾ ਜੇਕਰ ਫਿਰ ਵੀ ਸੇਵਾ ਪੱਤਰੀਆਂ ਤੇ ਆਡਿਟ ਇਤਰਾਜ ਲੱਗਦੇ ਹਨ ਤਾਂ ਆਡਿਟ ਇਤਰਾਜ ਪਹਿਲ ਦੇ ਅਧਾਰ ਤੇ ਦੂਰ ਕਰਕੇ ਸਮੇਂ ਸਿਰ ਸੇਵਾ ਪੱਤਰੀਆਂ ਵਾਪਿਸ ਲੇਖਾ ਅਫਸਰ/ਈ ਏ ਡੀ ਨੂੰ ਭੇਜੀਆਂ ਜਾਣ ਤਾਂ ਜ਼ੋ ਸਮੇਂ ਸਿਰ ਆਡਿਟ ਕਰਨ ਉਪਰੰਤ ਰਿਟਾਇਰੀ ਕਰਮਚਾਰੀ ਨੂੰ ਪੈਨਸ਼ਨਰੀ ਲਾਭ ਜਾਰੀ ਕਰਵਾਏ ਜਾ ਸਕਣ ਅਤੇ ਫਾਲਤੂ ਕੋਰਟ ਕੇਸਾਂ ਆਦਿ ਤੋ ਬਚਿਆ ਜਾ ਸਕੇ ਜੀ।।

ਇਹ ਸਮਰਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

Sd/- 14/1/19
ਲੇਖਾ ਅਫਸਰ,
ਈ.ਏ.ਡੀ,ਬਿਲਿੰਗ ਐਂਡ ਐਨ.ਪੀ.ਐਸ,
ਪੀ.ਐਸ.ਟੀ.ਸੀ.ਐਲ ਪਟਿਆਲਾ।

ਪਿੱਠ ਅੰਕਣ ਨੰ: 138 ਮਿਤੀ: 14-01-2019

ਵਧੀਕ ਨਿਗਰਾਨ ਇੰਜ:/ਆਈ ਟੀ, ਪੀ.ਐਸ.ਟੀ.ਸੀ ਐਲ ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਨੂੰ ਪੀ ਐਸ ਟੀ ਸੀ ਐਲ ਦੀ ਸਾਈਟ ਤੇ ਅਪਲੋਡ ਕੀਤਾ ਜਾਵੇ ਜੀ।

Sd/- 14/1/19
ਲੇਖਾ ਅਫਸਰ,
ਈ.ਏ.ਡੀ,ਬਿਲਿੰਗ ਐਂਡ ਐਨ.ਪੀ.ਐਸ,
ਪੀ.ਐਸ.ਟੀ.ਸੀ.ਐਲ ਪਟਿਆਲਾ।